# ਪੈਂਤੀ

ੳ, ਅ, ੲ, ਸ, ਹ ।

ਉਹ ਵਿਆਹ ਕਰਵਾ ਕੇ ਲੈ ਲਿਆ ਮੈ ਫਾਹਾ,
ਹਮੇਸਾ ਲਈ ਬੱਨਿਆ ਗਿਆ,
ਅਵਾਰੇ ਝੋਟੇ ਵਾਗੂ,
ਮੇਰੇ ਗਲ ਵਿਚ ਇਕ ਡਾਹਾ ।
ੳ, ਅ, ੲ, ਸ, ਹ ।ੳ, ਅ, ੲ, ਸ, ਹ ।

ਕ, ਖ, ਗ, ਘ, ਙ ।

ਕਹਿੰਦੀ ਕਦੇ ਐਧਰ ਚੱਲ,
ਕਦੇ ਔਧਰ ਚੱਲ ਤੂੰ ਮੇਰੇ ਚੰਨਾ,
ਕਿਹੜੀ ਗੱਲ ਛੱਡਾ,
ਤੇ ਕਿਹੜੀ ਗੱਲ ਇਹਦੀ ਮੰਨਾ ।
ਕ, ਖ, ਗ, ਘ, ਙ ।ਕ, ਖ, ਗ, ਘ, ਙ ।

ਚ, ਛ, ਜ, ਝ, ਞ ।

ਜਦੋ ਦੀਆ ਮੈ ਲਾਵਾ ਲਈਆ,
ਕਰਵਾ ਦਿਤੀ ਮੇਰੀ ਇਸਨੇ,
ਥਈਆਂ-ਥਈਆਂ:
ਉਹ ਬਈ ਥਈਆਂ-ਥਈਆਂ, ।
ਚ, ਛ, ਜ, ਝ, ਞ । ਚ, ਛ, ਜ, ਝ, ਞ ।

ਟ, ਠ, ਡ, ਢ, ਣ ।

ਕਹਿੰਦੀ ਜੇ ਤੂੰ ਮੇਰੇ ਨਾਲ ਨਹੀ ਜਾਣਾ,
ਵਿਆਹ ਨਹੀ ਸੀ ਕਰਵਾਣਾ,
ਮੈ ਤਾ ਪੱਛਤਾਵਾ ਉਸ ਟਾਈਮ ਨੂੰ,
ਮਰ ਜਾਵੇ ਵਿਚੋਲਾ ਡੁਬ ਜਾਣਾ ।
ਟ, ਠ, ਡ, ਢ, ਣ । ਟ, ਠ, ਡ, ਢ, ਣ ।

ਤ, ਥ, ਦ, ਧ, ਨ ।

ਕਚੇ ਕੰਨਾ ਵਾਲੀਆ ਰੰਨਾ,
ਦਖਾਉਦੀਆ ਨਹੀ ਬੇੜੇ ਨੂੰ ਬੰਨਾ,
ਦਿਲ ਰਹਿੰਦਾ ਕਰਦਾ,
ਗਿਟੇ ਇਹਦੇ ਚੰਗੀ ਤਰਾ ਭੰਨਾ ।
ਤ, ਥ, ਦ, ਧ, ਨ ।ਤ, ਥ, ਦ, ਧ, ਨ ।

ਪ, ਫ, ਬ, ਭ, ਮ ।

ਕਦੇ ਮੈਨੂੰ ਕਹਿੰਦੀ ਵੇਲੜ,
ਕਦੇ ਮੈਨੂੰ ਕਹਿੰਦੀ ਨਿਕੰਮਾ,
ਕਹਿੰਦੀ ਤੇਰੇ ਵਰਗੀ ਉਲਾਦ,
ਮੈ ਕਦੇ ਵੀ ਨਾ ਜੰਮਾ ।
ਪ, ਫ, ਬ, ਭ, ਮ । ਪ, ਫ, ਬ, ਭ, ਮ ।

ਯ, ਰ, ਲ, ਵ, ੜ ।

**Sarjinder** ਕਹਿੰਦਾ ਉਹ ਯਾਰਾ,
ਹਾੜਾ ਉਏ ਰੱਬਾ ਹਾੜਾ,
ਵਿਆਹ ਕਰਵਾਉ ਚਾਹੇ ਨਾ ਕਰਵਾਉ,
ਪੈਦਾ ਇਕੋ ਜਿਹਾ ਪੁਆੜਾ ।
ਯ, ਰ, ਲ, ਵ, ੜ । ਯ, ਰ, ਲ, ਵ, ੜ ।

**Updated: July 15, 2007**

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**

**Updated: July 15, 2007**